ਨਿਊਜ਼ ਰਿਲੀਜ਼

# ਅਲਬਰਟਾ ਵਿੱਚ ਨਵੇਂ ਆਉਣ ਵਾਲਿਆਂ ਦਾ ਜਸ਼ਨ ਮਨਾਉਂਦੇ ਹੋਏ

4 ਮਾਰਚ, 2026

2026 ਦੇ ਅਲਬਰਟਾ ਇਮੀਗ੍ਰੈਂਟ ਇੰਪੈਕਟ ਐਵਾਰਡਜ਼ ਲਈ ਨਾਮਜ਼ਦਗੀਆਂ ਖੁੱਲ੍ਹੀਆਂ ਹਨ, ਜੋ ਨਵੇਂ ਆਉਣ ਵਾਲਿਆਂ ਦੇ ਯੋਗਦਾਨ  ਨੂੰ ਸਨਮਾਨਿਤ ਕਰਦੀਆਂ ਹਨ, ਜਿਨ੍ਹਾਂ ਨੇ ਇਸ ਸੂਬੇ ਨੂੰ ਆਪਣਾ ਘਰ ਬਣਾਇਆ ਹੈ।

ਅਲਬਰਟਾ ਦੁਨੀਆ ਭਰ ਦੇ ਸੱਭਿਆਚਾਰਾਂ ਅਤੇ ਪਿਛੋਕੜਾਂ ਵਾਲੇ ਲੋਕਾਂ ਦਾ ਘਰ ਹੈ, ਜਿਨ੍ਹਾਂ ਵਿੱਚੋਂ ਬਹੁਤਿਆਂ ਨੇ ਆਪਣੇ ਪੇਸ਼ੇ ਜਾਂ ਖੇਤਰ ਵਿੱਚ ਉੱਤਮਤਾ ਰਾਹੀਂ ਆਪਣੇ ਭਾਈਚਾਰਿਆਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਚੈਰੀਟੇਬਲ ਕੰਮ, ਉੱਦਮਤਾ, ਨਵੀਨਤਾ, ਕਲਾਤਮਕ ਅਭਿਵਿਅਕਤੀ  ਅਤੇ ਹੋਰ ਕਈ ਖੇਤਰਾਂ ਰਾਹੀਂ, ਅਲਬਰਟਾ ਉਹਨਾਂ ਪ੍ਰਵਾਸੀਆਂ ਕਰਕੇ ਹੋਰ ਮਜ਼ਬੂਤ ਬਣਦਾ ਹੈ ਜਿਨ੍ਹਾਂ ਨੇ ਇਸ ਸੂਬੇ ਨੂੰ ਆਪਣਾ ਘਰ ਬਣਾਉਣ ਲਈ ਚੁਣਿਆ ਹੈ। ਅਲਬਰਟਾ ਇਮੀਗ੍ਰੈਂਟ ਇਮਪੈਕਟ ਅਵਾਰਡ ਵਿਦੇਸ਼ਾਂ ਵਿੱਚ ਜਨਮੇ ਅਲਬਰਟਾ ਵਾਸੀਆਂ ਦੀਆਂ ਉਪਲਬਧੀਆਂ ਅਤੇ ਉਤਕ੍ਰਿਸ਼ਟਤਾ ਨੂੰ ਸਨਮਾਨਿਤ ਕਰਨ ਲਈ ਸ਼ੁਰੂ ਕੀਤੇ ਗਏ ਸਨੀ, ਭਾਵੇਂ ਉਨ੍ਹਾਂ ਨੇ ਸੂਬੇ ਵਿੱਚ ਕਿੰਨਾ ਵੀ ਸਮਾਂ ਬਿਤਾਇਆ ਹੋਵੇ।

ਅਲਬਰਟਾ ਵਾਸੀਆਂ ਨੂੰ ਪ੍ਰਵਾਸੀ ਨੌਜਵਾਨਾਂ, ਉੱਦਮੀਆਂ, ਸਿੱਖਿਆ ਸ਼ਾਸਤਰੀਆਂ, ਕਲਾਕਾਰਾਂ, ਖਿਡਾਰੀਆਂ, ਪੇਸ਼ੇਵਰਾਂ ਅਤੇ ਭਾਈਚਾਰਕ ਨਿਰਮਾਤਾਵਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਸਨਮਾਨ ਵਿੱਚ ਅਲਬਰਟਾ ਇਮੀਗ੍ਰੈਂਟ ਇਮਪੈਕਟ ਅਵਾਰਡ ਲਈ ਨਾਮਜ਼ਦ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

"ਪ੍ਰਵਾਸੀਆਂ ਦੇ ਯੋਗਦਾਨ ਦਾ ਅਲਬਰਟਾ ਦੀ ਸਫਲਤਾ 'ਤੇ ਮਹੱਤਵਪੂਰਨ ਅਸਰ ਪੈਂਦਾ ਹੈ ਅਤੇ ਉਹ ਇਸਨੂੰ ਸਾਰਿਆਂ ਲਈ ਇੱਕ ਸਵਾਗਤਯੋਗ ਸਥਾਨ ਬਣਾਈ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਭਾਵੇਂ ਕਾਰੋਬਾਰਾਂ ਦਾ ਸਮਰਥਨ ਕਰਕੇ, ਨਵੀਨਤਾ ਨੂੰ ਅੱਗੇ ਵਧਾ ਕੇ ਜਾਂ ਆਪਣੇ ਭਾਈਚਾਰਿਆਂ ਵਿੱਚ ਵਲੰਟਰੀ  ਸੇਵਾ ਕਰਕੇ, ਸਾਡੇ ਸੂਬੇ ਵਿੱਚ ਨਵੇਂ ਆਉਣ ਵਾਲੇ ਜੋ ਵੀ ਸਕਾਰਾਤਮਕ ਪ੍ਰਭਾਵ ਪਾਉਂਦੇ ਹਨ, ਉਸ ਨੂੰ ਪਛਾਣਨਾ ਮਹੱਤਵਪੂਰਨ ਹੈ।
*ਮੁਹੰਮਦ ਯਾਸੀਨ, ਐਸੋਸੀਏਟ ਮਿਨਿਸਟਰ ਔਫ ਮਲਟੀਕਲਚਰਿਜ਼ਮ*

ਨਾਮਜ਼ਦਗੀਆਂ ਦਾ ਮੁਲਾਂਕਣ ਨਾਮਜ਼ਦ ਵਿਅਕਤੀ ਦੇ ਸਮੁੱਚੇ ਯੋਗਦਾਨ, ਉਨ੍ਹਾਂ ਦੇ ਕੰਮਾਂ ਨੇ ਕਿਸੇ ਜ਼ਰੂਰਤ ਨੂੰ ਕਿਵੇਂ ਪੂਰਾ ਕੀਤਾ ਅਤੇ ਦੂਜਿਆਂ ਨੂੰ ਕਿਵੇਂ ਪ੍ਰਭਾਵਿਤ ਕੀਤਾ ਅਤੇ ਸਮੱਸਿਆ ਹੱਲ ਕਰਨ ਵੇਲੇ ਉਨ੍ਹਾਂ ਨੇ ਕਿਵੇਂ ਅਗਵਾਈ ਅਤੇ ਮੌਲਿਕਤਾ ਦਾ ਪ੍ਰਦਰਸ਼ਨ ਕੀਤਾ, ਵਰਗੇ ਮਾਪਦੰਡਾਂ 'ਤੇ ਕੀਤਾ ਜਾਂਦਾ ਹੈ। ਨਾਮਜ਼ਦਗੀਆਂ 3 ਮਾਰਚ ਤੋਂ 12 ਮਈ ਦੁਪਹਿਰ ਤੱਕ ਖੁੱਲ੍ਹੀਆਂ ਹਨ, ਅਤੇ ਅਲਬਰਟਾ ਇਮੀਗ੍ਰੈਂਟ ਇਮਪੈਕਟ ਅਵਾਰਡਾਂ ਦੇ ਪ੍ਰਾਪਤਕਰਤਾਵਾਂ ਨੂੰ ਸਨਮਾਨਿਤ ਕਰਨ ਲਈ 2026 ਦੀ ਪਤਝੜ ਵਿੱਚ ਇੱਕ ਸਮਾਗਮ ਆਯੋਜਿਤ ਕੀਤਾ ਜਾਵੇਗਾ।

ਵੇਰਵਿਆਂ ਲਈ ਅਤੇ ਕਿਸੇ ਨੂੰ ਨਾਮਜ਼ਦ ਕਰਨ ਲਈ Alberta.ca/ImmigrantImpactAwards 'ਤੇ ਜਾਓ।

**ਨਿਊਜ਼** ਰਿਲੀਜ਼

**ਮੁੱਖ ਤੱਥ**

- ਪੁਰਸਕਾਰਾਂ ਵਿੱਚ ਅੱਠ ਸ਼੍ਰੇਣੀਆਂ ਸ਼ਾਮਲ ਹਨ: ਕਲਾ ਅਤੇ ਖੇਡਾਂ, ਕਰੀਅਰ ਅਤੇ ਅਕਾਦਮਿਕ ਯੋਗਦਾਨ, ਉੱਦਮੀ ਭਾਵਨਾ, ਪ੍ਰਵਾਸੀ ਉੱਤਮਤਾ, ਸਮਾਵੇਸ਼ੀ ਕਾਰਜ ਸਥਾਨ, ਛੋਟੇ ਭਾਈਚਾਰੇ ਵਿੱਚ ਵਾਧਾ, ਪ੍ਰਵਾਸੀ ਔਰਤਾਂ ਦਾ ਪ੍ਰਭਾਵ ਅਤੇ ਨੌਜਵਾਨ ਨੇਤਾ।
- ਹਰੇਕ ਸ਼੍ਰੇਣੀ ਵਿੱਚ ਇੱਕ ਤੋਂ ਵੱਧ ਪ੍ਰਾਪਤਕਰਤਾਵਾਂ ਨੂੰ ਸਨਮਾਨਿਤ ਕੀਤਾ ਜਾ ਸਕਦਾ ਹੈ।
- ਯੋਗ ਹੋਣ ਲਈ, ਨਾਮਜ਼ਦ ਵਿਅਕਤੀਆਂ ਨੂੰ:
  - ਇੱਕ ਵਿਅਕਤੀ ਹੋਣਾ ਚਾਹੀਦਾ ਹੈ (ਇੱਕ ਸਮੂਹ ਜਾਂ ਸੰਗਠਨ ਨਹੀਂ)
  - ਜਿਸਨੂੰ ਅਲਬਰਟਾ ਸਰਕਾਰ ਦਾ ਅਜਿਹਾ ਕੋਈ ਪੁਰਸਕਾਰ ਨਹੀਂ ਮਿਲਿਆ ਹੈ
  - ਕੈਨੇਡਾ ਤੋਂ ਬਾਹਰ ਪੈਦਾ ਹੋਇਆ ਹੈ (ਪਰ ਕਈ ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਿਹਾ ਹੋ ਸਕਦਾ ਹੈ)
  - ਪਰਮਾਨੈਂਟ ਰੈਜ਼ੀਡੈਂਟ ਜਾਂ ਕਨੇਡੀਅਨ ਸਿਟੀਜ਼ਨ ਹੈ
  - ਕੋਈ ਅਪਰਾਧਿਕ ਸਜ਼ਾ ਨਾ ਹੋਈ ਹੋਵੇ ਜਿਸ ਲਈ ਮੁਆਫ਼ੀ ਨਾ ਮਿਲੀ ਹੋਵੇੇ
  - ਚੁਣਿਆ ਹੋਇਆ ਅਧਿਕਾਰੀ ਨਹੀਂ ਹੋਣਾ ਚਾਹੀਦਾ
  - ਨਾਮਜ਼ਦਗੀ ਦੇ ਸਮੇਂ ਅਲਬਰਟਾ ਵਿੱਚ ਰਹਿੰਦਾ ਹੋਵੇ
  - ਅਲਬਰਟਾ ਦੇ ਆਰਥਿਕ ਜਾਂ ਸਮਾਜਿਕ ਤਾਣੇ-ਬਾਣੇ ਵਿੱਚ ਯੋਗਦਾਨ ਪਾਇਆ ਹੋਵੇ
- ਨਾਮਜ਼ਦਗੀਆਂ ਇੱਕ ਔਨਲਾਈਨ ਪੋਰਟਲ ਰਾਹੀਂ ਜਮ੍ਹਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ।

**ਸੰਬੰਧਿਤ ਜਾਣਕਾਰੀ**

- ਅਲਬਰਟਾ ਇਮੀਗ੍ਰੈਂਟ ਇਮਪੈਕਟ ਅਵਾਰਡ

**ਮੀਡੀਆ ਪੁੱਛਗਿੱਛ**

Hunter Baril (ਹੰਟਰ ਬੈਰਿਲ),

hunter.baril@gov.ab.ca

780-619-5774

ਪ੍ਰੈਸ ਸਕੱਤਰ, ਨੌਕਰੀਆਂ, ਆਰਥਿਕਤਾ, ਵਪਾਰ ਅਤੇ ਇਮੀਗ੍ਰੇਸ਼ਨ